ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ (ਐ.ਸਿ)

ਮੀਮੋ ਨੰ ਐਮਡੀਐਮ/09/8403-8442
ਮਿਤੀ ਚੰਡੀਗੜ੍ਹ 15 ਅਕਤੂਬਰ, 2009

**ਵਿਸ਼ਾ :- ਮਿਡ ਡੇ ਮੀਲ ਤਹਿਤ ਪ੍ਰਾਪਤ ਹੋਏ ਫੰਡਾਂ ਨੂੰ ਸਕੂਲਾਂ ਤੀਕ ਪਹੁੰਚਾਉਣ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਵੱਲੋਂ ਜਾਰੀ ਕੀਤੇ ਪੱਤਰ ਨੰ ਐਮਡੀਐਮਸੀ/ਐਮਐਫਏ/09/6941-6980 ਮਿਤੀ 31.8.2009 ਅਤੇ ਇਸ ਤੋਂ ਇਲਾਵਾ ਮਹੀਨਾਵਾਰ ਮੀਟਿੰਗਾਂ ਵਿੱਚ ਸਮੇਂ-ਸਮੇਂ ਸਿਰ ਕੀਤੇ ਵਿਚਾਰ ਵਟਾਂਦਰੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਇਹ ਆਮ ਵੇਖਣ ਵਿੱਚ ਆਇਆ ਹੈ ਕਿ ਸੈਂਟਰਲੀ ਸਪਾਂਸਰਡ ਸਕੀਮਾਂ, ਵਿਸ਼ੇਸ਼ ਕਰਕੇ ਮਿਡ ਡੇ ਮੀਲ ਤਹਿਤ ਸਕੂਲਾਂ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਦੇ ਰਾਹੀਂ ਫੰਡ ਭੇਜੇ ਜਾਂਦੇ ਹਨ । ਵੱਖ-ਵੱਖ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰ ਤੇ ਸਕੂਲਾਂ ਨੂੰ ਫੰਡ ਮੁਹੱਈਆਂ ਕਰਵਾਉਣ ਲਈ ਚੈਕ / ਬੈਂਕ ਡਰਾਫਟ ਬਣਵਾ ਕੇ ਭੇਜੇ ਜਾਂਦੇ ਹਨ । ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਸਕੂਲਾਂ ਤੀਕ ਪੈਸੇ ਪਹੁੰਚਾਉਣ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ । ਇਸ ਦੀ ਇੱਕ ਵਜ੍ਹਾ ਚੈਕ ਦੀ ਐਨਕੈਸ਼ਮੈਂਟ ਵਿੱਚ ਲੱਗਣ ਵਾਲਾ ਸਮਾਂ ਹੈ ।

3.0 ਇਸ ਮੁੱਦੇ ਨੂੰ ਬੜੀ ਡੂੰਘਾਈ ਨਾਲ ਵਿਚਾਰਿਆ ਗਿਆ ਹੈ ਅਤੇ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਅੱਜ ਕੱਲ ਬੈਂਕਾਂ ਵਿੱਚ ਆਰ.ਟੀ.ਜੀ.ਐਸ. (R.T.G.S.) ਦੀਆ ਸਹੂਲਤਾਂ ਉਪਲਬਧ ਹਨ ਜਿਸ ਰਾਹੀਂ ਬੈਂਕਾਂ ਤੋਂ ਪੈਸੇ ਤੁਰੰਤ ਟ੍ਰਾਂਸਫਰ ਹੋ ਜਾਂਦੇ ਹਨ । ਆਪ ਜੀ ਨੂੰ

ਲਿਖਿਆ ਜਾਂਦਾ ਹੈ ਕਿ ਜੇਕਰ ਆਪ ਇਸ ਸੁਵਿਧਾ ਦੀ ਵਰਤੋਂ ਨਹੀਂ ਕਰ ਰਹੇ ਹੋ ਤਾਂ ਇਸ ਦੀ ਤੁਰੰਤ ਵਰਤੋਂ ਕੀਤੀ ਜਾਵੇ ।

3.0 ਜਿੱਥੇ ਕਿਤੇ ਆਰ.ਟੀ.ਜੀ.ਐਸ. (R.T.G.S.) ਸੁਵਿਧਾ ਉਪਲਬਧ ਨਾ ਹੋਵੇ ਤਾਂ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਕੂਲਾਂ ਦੇ ਨਾਂ ਤੇ ਹੀ ਮਿਡ ਡੇ ਮੀਲ ਸਕੀਮ ਤਹਿਤ ਪ੍ਰਾਪਤ ਹੋਏ ਫੰਡਾਂ ਦੀ ਥਰਡ ਪਾਰਟੀ ਚੈਕ ਬਣਾ ਕੇ ਸਕੂਲਾਂ ਨੂੰ ਭੇਜ ਦਿੱਤੇ ਜਾਣ । ਇਸ ਸਬੰਧ ਵਿੱਚ ਲੋੜੀਂਦੇ ਇੰਦਰਾਜ ਕੈਸ਼ ਬੁੱਕ ਵਿੱਚ ਵਿੱਤੀ ਨਿਯਮਾਂ ਅਨੁਸਾਰ ਹਰ ਰੋਜ਼ ਕੀਤੇ ਜਾਣ। ਇਸ ਸਬੰਧ ਵਿੱਚ ਜੇਕਰ ਲੋੜ ਹੋਵੇ ਤਾਂ ਮਿਡ ਡੇ ਮੀਲ ਸਕੀਮ ਤਹਿਤ ਲੱਗੇ ਸਹਾਇਕ ਮੈਨੇਜਰ ਨੂੰ ਆਰਜ਼ੀ ਤੌਰ ਤੇ ਕੁੱਝ ਦਿਨਾਂ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ ਵਿੱਚ ਇਹ ਵਿਸ਼ੇਸ਼ ਡਿਊਟੀ ਕਰਨ ਲਈ ਲਗਾ ਲਿਆ ਜਾਵੇ । ਇਸ ਦੇ ਨਾਲ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਮਿਡ ਡੇ ਮੀਲ ਤਹਿਤ ਪ੍ਰਾਪਤ ਹੋਏ ਫੰਡਾਂ ਨੂੰ ਸਕੂਲਾਂ ਨੂੰ ਸਿੱਧੇ ਹੀ ਬਿਨਾਂ ਕਿਸੀ ਦੇਰੀ ਤੋਂ ਪਹੁੰਚਾਇਆ ਜਾਵੇ ਤਾਂ ਜੋ ਇਹ ਸਕੀਮ ਬਿਨਾਂ ਕਿਸੀ ਰੁਕਾਵਟ ਦੇ ਚਲਾਈ ਜਾ ਸਕੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ

1. ਮੰਡਲ ਸਿੱਖਿਆ ਅਫਸਰ, ਨਾਭਾ/ਜਲੰਧਰ/ਫਰੀਦਕੋਟ
2. ਡੀ.ਐਮ. (ਐਮ.ਆਈ.ਐਸ) ਨੂੰ ਬੈੱਵ ਸਾਈਟ ਤੇ ਪਾਉਣ ਲਈ